# ਪੰਜਾਬ ਸਕੂਲ ਸਿੱਖਿਆ ਬੋਰਡ
## ਜਨਤਕ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ ਦੇ ਪੇਂਡੂ ਖੇਤਰਾਂ ਵਿੱਚ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਖਾਲੀ ਅਸਾਮੀਆਂ ਭਰਨ ਸਬੰਧੀ ਵੱਖ-ਵੱਖ ਅਖਬਾਰਾਂ ਵਿੱਚ ਦਿੱਤੇ ਗਏ ਵਿਗਿਆਪਨ ਵਿੱਚ ਦਰਜ ਅਸਾਮੀਆਂ ਲਈ ਨਿਰਧਾਰਤ ਵਿਦਿਅਕ ਯੋਗਤਾਵਾਂ/ਤਜਰਬਾ , ਕਰਾਈਟੇਰੀਆ ਅਤੇ ਹੋਰ ਸ਼ਰਤਾਂ /ਹਦਾਇਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| **ਲੜੀ ਨੰ:** | **ਅਸਾਮੀ ਦਾ ਨਾਂ/ ਤਨਖਾਹ** | **ਅਸਾਮੀਆਂ ਦੀ ਗਿਣਤੀ** | **ਨਿਯੁਕਤੀ ਦੀ ਕਿਸਮ** | **ਯੋਗਤਾਵਾਂ** |
|---|---|---|---|---|
| 1. | **ਲੈਕਚਰਾਰ**<br>15700/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 09 | ਕੰਟਰੈਕਟ ਆਧਾਰ | ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਐਮ.ਏ../ਐਮ.ਐਸ.ਸੀ (ਸਬੰਧਤ ਵਿਸ਼ੇ ਵਿੱਚ) ਅਤੇ ਬੀ.ਟੀ./ਬੀ.ਐੱਡ (ਸਬੰਧਤ ਵਿਸ਼ੇ ਵਿੱਚ)<br>ਐਮ.ਪੀ.ਐਡ / ਐਮ.ਏ ਸਰੀਰਕ ਸਿੱਖਿਆ / ਬੀ.ਪੀ.ਐਡ ਮਾਨਤਾ ਪ੍ਰਾਪਤ ਯੂਨੀਵਰਸਿਟੀ (ਕੇਵਲ ਲੈਕਚਰਾਰ ਸਰੀਰਕ ਸਿੱਖਿਆ ) |
| 2. | **ਮਾਸਟਰ/ ਮਿਸਟ੍ਰੈਸ**<br>15300/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 18 | ਕੰਟਰੈਕਟ ਆਧਾਰ | ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਸਬੰਧਤ ਵਿਸ਼ੇ ਨਾਲ ਪਾਸ ਕੀਤੀ ਹੋਵੇ। ਬੀ.ਐੱਡ (ਸਬੰਧਤ ਵਿਸ਼ੇ ਵਿੱਚ) ਅਤੇ ਪੰਜਾਬ ਟੀ.ਈ.ਟੀ ਟੈਸਟ<br>(ਪੇਪਰ-2) ਪਾਸ ਹੋਵੇ। |
| 3. | **ਜੇ.ਬੀ.ਟੀ/ ਈ.ਟੀ.ਟੀ**<br>14500/-ਰੁ: ਉੱਕਾ-ਪੁੱਕਾ ਪ੍ਰਤੀ ਮਹੀਨਾ | 10 | ਕੰਟਰੈਕਟ ਆਧਾਰ | 10+2 ਅਤੇ 2 ਸਾਲਾ ਐਲੀਮੈਂਟਰੀ ਟੀਚਰ ਟਰੇਨਿੰਗ ਕੋਰਸ, ਪੰਜਾਬ ਜਾਂ ਕਿਸੇ ਹੋਰ ਰਾਜ/ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਜੋ ਕਿ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਅਤੇ ਬਰਾਬਰ ਹੋਵੇ।<br>ਪੰਜਾਬ ਟੀ.ਈ.ਟੀ ਟੈਸਟ (ਪੇਪਰ-1) ਪਾਸ ਹੋਵੇ। |

2) ਉਮੀਦਵਾਰ ਨੇ ਜਰੂਰੀ ਜਾਂ ਇਲੈਕਟਿਵ ਵਿਸ਼ੇ ਵਜੋਂ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਇਸਦੇ ਬਰਾਬਰ ਜਾਂ ਇਸ ਤੋਂ ਉਚੇਰੀ ਸ਼੍ਰੇਣੀ ਵਿੱਚ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

3) **ਅਸਾਮੀਆਂ ਦਾ ਵਰਗੀਕਰਣ:-**

**ਲੈਕਚਰਾਰ , ਮਾਸਟਰ/ਮਿਸਟ੍ਰੈਸ-, ਜੇ.ਬੀ.ਟੀ./ਈ.ਟੀ.ਟੀ.-**

| **ਆਸਾਮੀ /** | **ਵਿਸ਼ਾ** | **ਗਿਣਤੀ** | **ਸਟੇਸ਼ਨ** |
|---|---|---|---|
| 1) <u>**ਲੈਕਚਰਾਰ**</u><br>(09) | ਪੰਜਾਬੀ | -ਸਾ.ਫੌਜੀ:01) | ਧਰਦਿਓ ਬੁੱਟਰ (ਅੰਮ੍ਰਿਤਸਰ) |
| | ਕਮਿਸਟਰੀ | -3 (ਐਸ.ਸੀ:01,ਜ:01,<br>ਸਾ.ਫੌਜੀ:01) | ਈਨਾ ਖੇੜਾ(ਸ੍ਰੀ ਮੁਕਤਸਰ ਸਾਹਿਬ) ,<br>ਧਰਦਿਓ ਬੁੱਟਰ (ਅੰਮ੍ਰਿਤਸਰ),ਖੰਭਾ (ਮੋਗਾ) |
| | ਫਿਜਿਕਸ | -1(ਜ:01) | ਈਨਾ ਖੇੜਾ(ਸ੍ਰੀ ਮੁਕਤਸਰ ਸਾਹਿਬ) |
| | ਪੋਲੀਟੀਕਲ ਸਾਇੰਸ | -2(ਜ:02) | ਕੋਟਭਾਈ(ਸ੍ਰੀ ਮੁਕਤਸਰ ਸਾਹਿਬ)<br>ਈਨਾ ਖੇੜਾ(ਸ੍ਰੀ ਮੁਕਤਸਰ ਸਾਹਿਬ) |
| | ਫਿਜੀਕਲ ਐਜੂਕੇਸ਼ਨ | -2(ਐਸ.ਸੀ:01,ਜ:01) | ਸੀਰਵਾਲੀ ਭੰਗੇਵਾਲਾ(ਸ੍ਰੀ ਮੁਕਤਸਰ ਸਾਹਿਬ)<br>ਖੰਭਾ(ਮੋਗਾ) |
| 2) <u>**ਮਾਸਟਰ/ਮਿਸਟ੍ਰੈਸ**</u><br>(18) | ਅੰਗਰੇਜੀ | -6 (ਐਸ.ਸੀ:02,ਜ:03,<br>ਬੀ.ਸੀ:01) | ਕੋਟਭਾਈ(ਸ੍ਰੀ ਮੁਕਤਸਰ ਸਾਹਿਬ),<br>ਨੰਦਗੜ੍ਹ (ਬਠਿੰਡਾ), ਖੰਭਾ(ਮੋਗਾ),<br>ਸਹਿਜਾਦਾ ਸੰਤ ਸਿੰਘ (ਫਿਰੋਜਪੁਰ),<br>ਰਾਣੀਵਾਲਾ ( ਸ੍ਰੀ ਮੁਕਤਸਰ ਸਾਹਿਬ,<br>ਭਾਗੂ (ਸ਼੍ਰੀ ਮੁਕਤਸਰ ਸਾਹਿਬ)<br>ਜਵਾਹਰ ਸਿੰਘ ਵਾਲਾ(ਮੋਗਾ) |
| | ਪੰਜਾਬੀ | -4(ਐਸ.ਸੀ:02, ਸਾ.ਫੌਜੀ:01)<br>01ਬੀ.ਸੀ | ਸਹਿਜਾਦਾ ਸੰਤ ਸਿੰਘ (ਫਿਰੋਜਪੁਰ),<br>ਈਨਾਖੇੜਾ( ਸ੍ਰੀ ਮੁਕਤਸਾਰ ਸਾਹਿਬ)<br>ਨੰਦਗੜ੍ਹ (ਬਠਿੰਡਾ),<br>ਭਾਗੂ (ਸ਼੍ਰੀ ਮੁਕਤਸਰ ਸਾਹਿਬ) |
| | ਸਾਇੰਸ | -3(ਐਸ.ਸੀ:02,ਬੀ.ਸੀ:01) | ਨੰਦਗੜ੍ਹ (ਬਠਿੰਡਾ) , |

ਕੋਟਭਾਈ (ਸ਼੍ਰੀ ਮੁਕਤਸਰ ਸਾਹਿਬ),
ਈਨਾ ਖੇੜਾ ( ਸ਼੍ਰੀ ਮੁਕਤਸਰ ਸਾਹਿਬ)

| | | |
|---|---|---|
| ਹੋਮ ਸਾਇੰਸ | -1(ਐਸ.ਸੀ:01) | ਭਾਗੂ (ਸ਼੍ਰੀ ਮੁਕਤਸਰ ਸਾਹਿਬ) |
| ਐਸ.ਐਸ.ਟੀ | -4(ਐਸ.ਸੀ:04) | ਜਵਾਹਰ ਸਿੰਘ ਵਾਲਾ (ਮੋਗਾ),<br>ਈਨਾ ਖੇੜਾ ( ਸ਼੍ਰੀ ਮੁਕਤਸਰ ਸਾਹਿਬ)<br>ਭਾਗੂ (ਸ਼੍ਰੀ ਮੁਕਤਸਰ ਸਾਹਿਬ)<br>ਨੰਦਗੜ੍ਹ(ਬਠਿੰਡਾ) |
| 3) <u>ਜੇ.ਬੀ.ਟੀ /ਈ.ਟੀ.ਟੀ</u><br>(10) | -(ਐਸ.ਸੀ:04,ਜ:02,<br>ਐਸ.ਸੀ(ਸਾ.ਫੌਜੀ:01),<br>ਸਾ.ਫੌਜੀ:02,ਖਿਡਾਰੀ:01) | ਖੰਭਾ(ਮੋਗਾ)02,<br>ਸਹਿਜਾਦਾ ਸੰਤ ਸਿੰਘ (ਫਿਰੋਜਪੁਰ)01<br>ਸੀਰਵਾਲੀ ਭੰਗੇਵਾਲਾ<br>(ਸ਼੍ਰੀ ਮੁਕਤਸਰ ਸਾਹਿਬ) -02<br>ਭਾਗੂ (ਸ਼੍ਰੀ ਮੁਕਤਸਰ ਸਾਹਿਬ) -02<br>ਜਵਾਹਰ ਸਿੰਘ ਵਾਲਾ (ਮੋਗਾ)-01<br>ਕੋਟਭਾਈ (ਸ਼੍ਰੀ ਮੁਕਤਸਰ ਸਾਹਿਬ) -01<br>ਖਟਕੜ੍ਹ ਕਲਾਂ (ਸ.ਭ.ਸ ਨਗਰ) 01 |

**ਨੋਟ*:- ਇਸ ਭਰਤੀ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਅੰਕਿਤ ਸਟੇਸ਼ਨਾਂ ਤੇ ਹੀ ਹਾਜਰ ਕਰਵਾਇਆ ਜਾਵੇਗਾ ਪ੍ਰੰਤੂ ਬੋਰਡ ਵੱਲੋਂ ਚਲਾਏ ਜਾ ਰਹੇ 11 ਆਦਰਸ਼ ਸਕੂਲਾਂ ਵਿੱਚ ਵਿੱਦਿਅਕ ਲੋੜਾਂ ਅਤੇ ਪ੍ਰਬੰਧਕੀ ਕਾਰਨਾ ਕਰਕੇ ਕਿਸੇ ਹੋਰ ਸਕੂਲ ਵਿੱਚ ਵੀ ਬਦਲਿਆ ਜਾ ਸਕਦਾ ਹੈ।**

4) **ਉਮਰ ਸੀਮਾ:-**

4.1) ਮਿਤੀ 28-09-2015 .ਨੂੰ ਉਮੀਦਵਾਰ ਦੀ ਉਮਰ 18 ਸਾਲ ਤੋ ਘੱਟ ਅਤੇ 37 ਸਾਲ ਤੋ ਵੱਧ ਨਹੀ ਹੋਣੀ ਚਾਹੀਦੀ।

4.2) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਲਈ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

4.3) ਰਾਜ /ਕੇਂਦਰ ਸਰਕਾਰ / ਸਰਕਾਰੀ ਜਨਤਕ ਅਦਾਰੇ ਦੇ ਕਰਮਚਾਰੀਆ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

4.4) ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਲਈ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ।

*** ਉਮਰ ਸੀਮਾ ਦੀ ਛੋਟ ਲੈਣ ਲਈ ਦਸਤਾਵੇਜ ਨੱਥੀ ਅਤੇ ਪੇਸ਼ ਕਰਨੇ ਜਰੂਰੀ ਹਨ।**

**ਨੋਟ:**

- ਜੇ.ਬੀ.ਟੀ/ਈ.ਟੀ.ਟੀ ਦੀ ਅਸਾਮੀ ਲਈ ਪੰਜਾਬ ਟੀ.ਈ.ਟੀ ਟੈਸਟ (ਪੇਪਰ 1) ਅਤੇ ਟੀ.ਜੀ.ਟੀ ਦੀ ਅਸਾਮੀ ਲਈ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਟੀ.ਈ.ਟੀ ਟੈਸਟ (ਪੇਪਰ-2) ਪਾਸ ਕੀਤਾ ਹੋਵੇ। (ਸਿਵਾਏ ਫਿਜਿਕਲ ਐਜੂਕੇਸ਼ਨ ਟੀਚਰ)।
- ਐਨ.ਸੀ.ਟੀ.ਈ ਦੇ ਨਵੇਂ ਪ੍ਰਚਲਤ ਰੂਲਾਂ ਅਤੇ ਆਰ.ਟੀ.ਈ ਐਕਟ ਦੀ ਮੰਗ ਅਨੁਸਾਰ ਟੀ.ਜੀ.ਟੀ ਅਸਾਮੀਆਂ ਲਈ ਗਰੈਜੂਏਸ਼ਨ ਦੇ ਘੱਟੋਂ ਘੱਟ ਅੰਕ 50% ਹੋਣੇ ਲਾਜਮੀ ਹੋਣਗੇ ਅਤੇ ਇਸ ਵਿੱਚ ਐਸ.ਸੀ/ਐਸ.ਟੀ ਅਤੇ ਬੀ.ਸੀ ਕੈਟਾਗਿਰੀ ਹੋਣ ਦੀ ਸੂਰਤ ਵਿੱਚ 5% ਦੀ ਛੋਟ ਹੋਵੇਗੀ।
- ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਭਰਤੀ ਸਬੰਧੀ ਸ਼ਰਤਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਅਪਲਾਈ ਕਰਨ।
- ਉਮੀਦਵਾਰਾਂ ਦੀ ਪ੍ਰੋਵੀਜਨਲ ਮੈਰਿਟ ਬਣਾਉਣ ਉਪਰੰਤ ਅਸਾਮੀਆਂ ਦੇ ਪੰਜ ਗੁਣਾ ਉਮੀਦਵਾਰਾਂ ਵਿੱਚੋ ਸਰਟੀਫਿਕੇਟ ਸਕਰੀਨਿੰਗ ਲਈ ਬੁਲਾਇਆ ਜਾਵੇਗਾ ਅਤੇ ਸਕਰੀਨਿੰਗ ਤੋਂ ਬਾਅਦ ਯੋਗ ਉਮੀਦਵਾਰਾਂ ਵਿੱਚੋਂ ਇਕ ਅਸਾਮੀ ਪਿੱਛੇ ਤਿੰਨ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਦੇਣ ਵਾਲੇ ਇਨ੍ਹਾਂ ਉਮੀਦਵਾਰਾਂ ਦੀ ਫਾਈਨਲ ਮੈਰਿਟ ਬੋਰਡ ਦੀ ਵੈਬਸਾਈਟ ਤੇ ਉਪਲਬਧ ਕਰਵਾਈ ਜਾਵੇਗੀ।

5) **ਰਿਜਰਵੇਸ਼ਨ ਸਰਟੀਫਿਕੇਟ**

5.1) ਜਿਹੜਾ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦਾ ਹੈ ਉਹ ਸਬੰਧਤ ਸਮਰੱਥ ਅਧਿਕਾਰੀ ਵੱਲੋ ਜਾਰੀ ਕੀਤਾ ਜਾਤੀ ਸਰਟੀਫਿਕੇਟ ਪੇਸ਼ ਕਰਨਗੇ। ਇਸ ਸਰਟੀਫਿਕੇਟ ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ਼੍ਰੇਣੀਆ ( ਨੌਕਰੀਆਂ ਵਿੱਚ ਰਾਖਵਾਂਕਰਨ ) ਐਕਟ 2006 ਅਨੁਸਾਰ ਅਤੇ ਸਮੇਂ-ਸਮੇਂ ਤੇ ਹੋਈ ਸੋਧ ਦੇ ਅਨੁਸਾਰ ਸਰਟੀਫਿਕੇਟ ਹੋਣਾ ਚਾਹੀਦਾ ਹੈ।

5.2) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਵਿਗਿਆਪਨ ਅਨੁਸਾਰ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋ ਪਹਿਲਾਂ 1 ਸਾਲ ਦੇ ਅੰਦਰ ਅੰਦਰ ਦਾ ਜਾਰੀ ਹੋਇਆ ਹੋਣਾ ਚਾਹੀਦਾ ਹੈ । ਇਹ ਸਰਟੀਫਿਕੇਟ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋ ਸਮੇਂ-ਸਮੇਂ ਤੇ ਜਾਰੀ ਨੋਟੀਫਿਕੇਸ਼ਨ ਅਨੁਸਾਰ ਬਣਿਆ ਹੋਣਾ ਚਾਹੀਦਾ ਹੈ।

5.3) ਪੱਛੜੀ ਸ਼੍ਰੇਣੀਆਂ ਦੇ ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਂ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਕਾਊਂਸਲਿਗ ਸਮੇ ਉਹ ਸਰਟੀਫਿਕੇਟ ਜਿਸ ਵਿੱਚ ਪਿਤਾ ਦਾ ਨਾਂ ਦਰਜ ਹੈ ਜਾਂ ਪਿਤਾ ਦਾ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋ ਪੇਸ਼ ਕਰਨਾ ਹੋਵੇਗਾ । ਜੇਕਰ ਉਹ ਸਰਟੀਫਿਕੇਟ ਪੇਸ਼ ਨਹੀ ਕਰਦੀ ਤਾਂ ਉਸਦੀ

ਪਾਤਰਤਾ ਪੱਛੜੀ ਸ਼੍ਰੇਣੀ ਵਿੱਚ ਨਹੀ ਵਿਚਾਰੀ ਜਾਵੇਗੀ। ਇਹ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਇੱਕ ਸਾਲ ਦੇ ਅੰਦਰ ਦੀ ਮਿਤੀ ਤੋਂ ਸਮਰੱਥ ਅਧਿਕਾਰੀ ਰਾਹੀਂ ਜਾਰੀ ਹੋਇਆ ਹੋਵੇ।

6) **ਚੋਣ ਵਿਧੀ**

ਵਿਦਿਅਕ ਮੈਰਿਟ ਤਿਆਰ ਕਰਨ ਲਈ ਹੇਠ ਅਨੁਸਾਰ ਯੋਗਤਾਵਾਂ ਨੂੰ ਵੇਟਜ ਦਿੱਤੀ ਜਾਵੇਗੀ:-

**ਪੀ.ਜੀ.ਟੀ (ਲੈਕਚਰਾਰ)**

| **ਲੜੀ ਨੰ:** | **ਯੋਗਤਾ** | **ਵੇਟੇਜ / ਅੰਕ** |
|---|---|---|
| 1 | ਗਰੈਜੂਏਸ਼ਨ | 20% |
| 2 | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ ) | 50% |
| 3 | ਬੀ.ਐਡ / ਬੀ.ਟੀ (ਸਬੰਧਤ ਵਿਸ਼ੇ ਵਿੱਚ) | 20% |
| 4 | ਐਮ.ਫਿਲ (ਸਬੰਧਤ ਵਿਸ਼ੇ ਵਿੱਚ | 5% |
| 5 | ਪੀ.ਐਚ.ਡੀ | 5 ਅੰਕ |
| | ਕੁੱਲ | 100 |

**ਪੀ.ਜੀ.ਟੀ (ਲੈਕਚਰਾਰ ਸਰੀਰਕ ਸਿੱਖਿਆ)**

| **ਲੜੀ ਨੰ:** | **ਯੋਗਤਾ** | **ਵੇਟੇਜ / ਅੰਕ** |
|---|---|---|
| 1 | ਗਰੈਜੂਏਸ਼ਨ (ਬੀ.ਪੀ.ਈ.) | 20% |
| 2 | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ ) | 50% |
| 3 | ਬੀ.ਐਡ / ਬੀ.ਟੀ/ ਬੀ.ਪੀ.ਐਡ (ਸਬੰਧਤ ਵਿਸ਼ੇ ਵਿੱਚ) | 20% |
| 4 | ਐਮ.ਫਿਲ (ਸਬੰਧਤ ਵਿਸ਼ੇ ਵਿੱਚ | 5% |
| 5 | ਪੀ.ਐਚ.ਡੀ | 5 ਅੰਕ |
| | ਕੁੱਲ | 100 |

**ਟੀ.ਜੀ.ਟੀ (ਮਾਸਟਰ/ਮਿਸਟ੍ਰੈਸ)**

| ਲੜੀ ਨੰ: | ਯੋਗਤਾ | ਵੇਟੇਜ / ਅੰਕ |
|---|---|---|
| 1 | ਗਰੈਜੂਏਸ਼ਨ | 40% |
| 2 | ਬੀ.ਐਡ | 40% |
| 3 | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ ) | 10% |
| 4 | ਐਮ.ਫਿਲ (ਸਬੰਧਤ ਵਿਸ਼ੇ ਵਿੱਚ | 5% |
| 5 | ਪੀ.ਐਚ.ਡੀ | 5 ਅੰਕ |
| | ਕੁੱਲ | 100 |

**ਜੇ.ਬੀ.ਟੀ/ਈ.ਟੀ.ਟੀ**

| ਲੜੀ ਨੰ: | ਯੋਗਤਾ | ਵੇਟੇਜ/ ਅੰਕ |
|---|---|---|
| 1 | +2 ਸ਼੍ਰੇਣੀ | 40% |
| 2 | ਜੇ.ਬੀ.ਟੀ/ਈ.ਟੀ.ਟੀ | 40% |
| 3 | ਗਰੈਜੂਏਸ਼ਨ | 10% |
| 4 | ਪੋਸਟ ਗਰੈਜੂਏਸ਼ਨ | 10% |
| | ਕੁੱਲ | 100 |

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜ਼ਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਊ ਦੇ 10 ਅੰਕ ਹੋਣਗੇ।

**ਨੋਟ:** ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਅਸਾਮੀ ਲਈ ਯੋਗ ਬਣਨ ਵਾਸਤੇ ਵਾਧੂ ਵਿਸ਼ਾ ਪਾਸ ਕੀਤਾ ਹੈ ਤਾਂ ਬੀ..ਏ/ਬੀ.ਐਡ ਵਿੱਚ ਪਾਸ ਕੀਤੇ ਵਾਧੂ ਵਿਸ਼ੇ ਦੇ ਅੰਕ ਮੂਲ ਅੰਕਾਂ ਵਿੱਚ ਜੋੜੇ ਜਾਣਗੇ, ਪਰ ਉਮੀਦਵਾਰ ਵੱਲੋਂ ਮੂਲ ਰੂਪ ਵਿਚ ਪਾਸ ਕੀਤੀ ਡਿਗਰੀ ਦੇ ਵਿਚੋਂ ਘੱਟ ਅੰਕ ਵਾਲੇ ਵਿਸ਼ੇ ਨੂੰ ਘਟਾ ਦਿਤਾ ਜਾਵੇਗਾ ਅਤੇ ਇਸ ਦੀ ਲੋਅ ਵਿੱਚ ਮੈਰਿਟ ਬਣਾਈ ਜਾਵੇਗੀ।

7) **ਜਨਰਲ ਹਦਾਇਤਾਂ:-**

7.1) ਜਨਰਲ ਕੈਟਾਗਿਰੀ ਦੇ ਉਮੀਦਵਾਰ ਲਈ 600/- ਰੁਪਏ ਅਤੇ ਐਸ.ਸੀ./ਬੀ.ਸੀ. ਕੈਟਾਗਿਰੀ ਦੇ ਉਮੀਦਵਾਰ ਲਈ 300/- ਰੁਪਏ ਫੀਸ ਨਿਰਧਾਰਤ ਕੀਤੀ ਗਈ ਹੈ।

7.2) ਇਹਨ੍ਹਾਂ ਅਸਾਮੀਆਂ ਦੀ ਭਰਤੀ ਕੰਟਰੈਕਟ ਆਧਾਰ ਤੇ ਉੱਕਾ ਪੁੱਕਾ ਵੇਤਨ ਤੇ ਮੁੱਢਲੇ ਤੌਰ ਤੇ ਇੱਕ ਸਾਲ ਲਈ ਕੀਤੀ ਜਾਣੀ ਹੈ। ਉਮੀਦਵਾਰ ਦੇ ਕੰਮ ਤੇ ਆਚਰਣ ਨੂੰ ਵਿਚਾਰਦੇ ਹੋਏ ਇਹ ਪੇਸ਼ਕਸ ਅਗਲੇ ਸਾਲ ਲਈ ਵਧਾਈ ਜਾ ਸਕਦੀ ਹੈ।

7.3) ਰਾਖਵੇਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।

7.4) ਰਾਖਵੇਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਸਨੀਕਾਂ ਲਈ ਹੀ ਲਾਗੂ ਹੈ। ਇਸ ਸਬੰਧੀ ਰਿਹਾਇਸ਼ੀ ਪ੍ਰਮਾਣ ਪੱਤਰ ਪੇਸ਼ ਕਰਨਾ ਜਰੂਰੀ ਹੋਵੇਗਾ।

7.5) ਉਮੀਦਵਾਰ ਨੂੰ ਹਰੇਕ ਅਸਾਮੀ ਲਈ ਵੱਖਰੇ ਤੌਰ ਤੇ ਅਪਲਾਈ ਕਰਨਾ ਹੋਵੇਗਾ।

7.6) ਉਮੀਦਵਾਰਾਂ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।

7.7) ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਂਦਰ /ਰਾਜ ਸਰਕਾਰ,ਸਰਕਾਰੀ ਜਨਤਕ ਅਦਾਰੇ ਦੇ ਕਰਮਚਾਰੀ ਹਨ, ਉਹ ਆਪਣੇ ਬਿਨੈ-ਪੱਤਰ ਯੋਗ ਪ੍ਰਣਾਲੀ ਰਾਹੀਂ ਹੀ ਭੇਜਣਗੇ। ਪ੍ਰੰਤੂ ਉਮੀਦਵਾਰਾਂ ਦੀ ਨਿਯੁਕਤੀ ਠੇਕਾ ਆਧਾਰ ਤੇ ਹੀ ਕੀਤੀ ਜਾਵੇਗੀ। ਪਿਛਲੀ ਰੈਗੂਲਰ ਸਰਵਿਸ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

7.8) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

7.9) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿੱਚ ਇਕ ਵਾਰ ਡਾਟਾ ਭਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ-ਬੇਨਤੀ ਦਫਤਰ ਵਲੋਂ ਸਵੀਕਾਰ ਨਹੀਂ.ਕੀਤੀ ਜਾਵੇਗੀ।

7.10) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਅਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆਂ ਕਰਦਾ ਹੈ। ਉਮੀਦਵਾਰ ਅਪਲਾਈ ਕਰਨ ਨਾਲ ਨਿਯੁੱਕਤੀ ਲਈ ਪਾਤਰ ਨਹੀਂ ਬਣ ਜਾਂਦਾ। ਨਿਯੁੱਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਕਾਊਂਸਲਿੰਗ ਸਮੇਂ ਉਮੀਦਵਾਰ ਦੀ ਮੈਰਿਟ ਅਤੇ ਯੋਗਤਾ ਉਸ ਵੱਲੋਂ ਪੇਸ਼ ਕੀਤੇ ਗਏ ਅਸਲ ਦਸਤਾਵੇਜ ਦੇ ਅਧਾਰ ਤੇ ਹੀ ਨਿਰਧਾਰਿਤ ਕੀਤੀ ਜਾਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਨਿਯੁੱਕਤੀ /ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

7.11) ਉਮੀਦਵਾਰ ਆਪਣੀ ਕੈਟਾਗਿਰੀ ਧਿਆਨ ਪੂਰਵਕ ਭਰਨ। ਇੱਕ ਵਾਰੀ ਭਰੀ ਗਈ ਕੈਟਾਗਿਰੀ ਤਬਦੀਲੀ ਯੋਗ ਨਹੀਂ ਹੋਵੇਗੀ।

7.12) ਵੱਖ-ਵੱਖ ਵਰਗਾਂ ਵਿੱਚ ਖਾਲੀ ਅਸਾਮੀਆਂ ਉਸ ਵਿੱਚ ਉਪਲਬਧ ਅਸਾਮੀਆਂ ਹੋਣ ਦੀ ਸੂਰਤ ਵਿੱਚ ਹੀ ਭਰੀਆਂ ਜਾਣਗੀਆਂ।

7.13) ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨਾ ਜਾਂ ਕਾਊਂਸਲਿੰਗ ਤੇ ਬੁਲਾਏ ਜਾਣ ਨਾਲ ਹੀ ਉਮੀਦਵਾਰ ਨੂੰ ਨਿਯੁੱਕਤੀ ਦਾ ਅਧਿਕਾਰ ਨਹੀਂ ਹੋਵੇਗਾ।

7.14) ਉਮੀਦਵਾਰ ਕਾਊਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾ, ਤਜਰਬਾ, ਦੋ ਤਾਜ਼ਾ ਫੋਟੋਆਂ ਅਤੇ ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨ੍ਹਾਂ ਦੀਆਂ ਸਵੈ-ਤਸਦੀਕ ਕਾਪੀਆਂ ਤਰਤੀਬਵਾਰ ਫਾਇਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਜਾਰੀ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣ ਯੋਗ ਨਹੀਂ ਹੋਵੇਗਾ।

7.15) ਉਮੀਦਵਾਰਾਂ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ਼ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਵਿੱਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ਼ ਜਾਰੀ ਕਰਨ ਵਾਲੀ ਸੰਸਥਾ ਵਿਰੁੱਧ ਮੌਕੇ ਤੇ ਹੀ ਐਫ.ਆਈ.ਆਰ ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

7.16) ਯੋਗਤਾ ਦੀ ਸਮਾਨਤਾ ਵਿਵਾਦ ਦੇ ਮਾਮਲੇ ਬਾਰੇ ਭਰਤੀ ਬੋਰਡ ਦੁਆਰਾ ਕੀਤਾ ਫੈਸਲਾ ਅੰਤਿਮ ਤੇ ਸਭ ਤੇ ਲਾਗੂ ਹੋਵੇਗਾ।

7.17) ਕਾਊਂਸਲਿੰਗ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਲੋੜੀਂਦੇ ਅਸਲ ਦਸਤਾਵੇਜ਼ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸਦਾ ਇੰਟਰਵਿਊ ਅਤੇ ਨਿਯੁੱਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਉਸ ਤੋਂ ਹੇਠਲੇ ਮੈਰਿਟ ਵਾਲੇ ਉਮੀਦਵਾਰ ਨੂੰ ਅਸਾਮੀ ਲਈ ਵਿਚਾਰਿਆ ਜਾਵੇਗਾ।

7.18) ਕਾਊਂਸਲਿੰਗ/ਇੰਟਰਵਿਊ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ./ਡੀ.ਏ. ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

7.19) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਾਊਂਸਲਿੰਗ/ਇੰਟਰਵਿਊ ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ। ਇਸ ਸਬੰਧੀ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰ੍ਹਾਂ ਪੜ੍ਹ ਲੈਣ। ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

7.20) ਕਾਊਂਸਲਿੰਗ/ਇੰਟਰਵਿਊ ਵਿੱਚ ਗੈਰ ਹਾਜ਼ਰ ਰਹਿਣ ਕਾਰਨ ਉਮੀਦਵਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਅਜਿਹੇ ਉਮੀਦਵਾਰ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

7.21) Tentative ਮੈਰਿਟ ਕਾਊਂਸਲਿੰਗ ਲਈ ਬਣਾਈ ਜਾਵੇਗੀ। ਫਾਈਨਲ ਮੈਰਿਟ ਇੰਟਰਵਿਊ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਇਸ ਵਿੱਚ ਕੋਈ ਵੀ ਵੇਟਿੰਗ ਲਿਸਟ ਤਿਆਰ ਨਹੀਂ ਕੀਤੀ ਜਾਵੇਗੀ ਜੇਕਰ ਇਹਨਾਂ ਅਸਾਮੀਆਂ ਵਿੱਚੋਂ ਕੁੱਝ ਖਾਲੀ ਰਹਿ ਜਾਂਦੀਆਂ ਹਨ ਤਾਂ ਉਹਨਾਂ ਦੀ ਭਰਤੀ ਕਰਨ ਦਾ ਇਸ਼ਤਿਹਾਰ ਦੁਬਾਰਾ ਦਿੱਤਾ ਜਾਵੇਗਾ।

**8. ਆਨਲਾਈਨ ਅਪਲਾਈ ਕਰਨ ਦੀ ਵਿਧੀ:**

ਫਾਰਮ ਭਰਨ ਸਬੰਧੀ ਦਿਸ਼ਾ ਨਿਰਦੇਸ਼

1) ਵੈਬਸਾਈਟ www.pseb.ac.in ਤੇ vacancy section ਤਹਿਤ Online Application Link for recruitment of various post in Adarsh Sen.Sec. Schools against Adv. Dated 09-09-2015

ਦੇ ਲਿੰਕ ਉੱਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ Application form ਭਰਨ ਉਪਰੰਤ ਕੋਈ ਵੀ ਜਾਣਕਾਰੀ update/edit ਨਹੀਂ ਕੀਤੀ ਜਾ ਸਕਦੀ।

2) Application form ਭਰਨ ਉਪਰੰਤ ਇਸ ਦਾ printout ਜ਼ਰੂਰ ਲਿਆ ਜਾਵੇ ਅਤੇ ਇਸ ਨੂੰ ਸੰਭਾਲ ਕੇ ਰੱਖਿਆ ਜਾਵੇ। ਇਸ Printout ਦੀ ਇੱਕ ਕਾਪੀ ਸਬੰਧਤ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਫੀਸ ਦੇ ਨਾਲ ਮਿਤੀ: 30.09.2015 ਨੂੰ 5 ਵਜੇ ਤੱਕ ਜਰੂਰ ਜਮ੍ਹਾਂ ਕਰਵਾਈ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application form ਜਾਂ ਕੋਈ ਹੋਰ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ ਮੰਗ ਉਪਰੰਤ ਹੀ ਭੇਜਿਆ ਜਾਵੇ। ਨੀਅਤ ਮਿਤੀ/ਸਮੇਂ ਤੋਂ ਬਾਅਦ ਕੋਈ ਵੀ ਪ੍ਰਤੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

3) Online application form ਵਿੱਚ ਵੇਰਵੇ ਇਹਨਾਂ ਅਸਾਮੀਆਂ ਨਾਲ ਸਬੰਧਤ ਸ਼ਰਤਾਂ/ (Terms and Conditions) ਅਨੁਸਾਰ ਭਰੇ ਜਾਣ। Online application form ਬੋਰਡ ਵੱਲੋਂ ਜਾਰੀ ਵਿਦਿਅਕ ਯੋਗਤਾਵਾ ਅਤੇ ਹੋਰ ਸਬੰਧਤ ਹਦਾਇਤਾਂ, (Terms and Conditions) ਪੜ੍ਹਨ ਉਪਰੰਤ ਭਰਿਆ ਜਾਵੇ।

4) Online application form ਤੇ ਦਿੱਤੇ Submit button ਨੂੰ Click ਕਰਨ ਤੋਂ ਪਹਿਲਾਂ ਇਕ ਵਾਰ ਸਾਰੇ ਭਰੇ ਵੇਰਵੇ ਮੁੜ ਚੈੱਕ ਕਰਨ ਦਾ ਸੁਝਾਉ ਹੈ। Submit button ਨੂੰ Click ਕਰਨ ਉਪਰੰਤ applicant ਵਲੋਂ ਭਰੇ ਵੇਰਵੇ ਸੂਚਨਾ ਅਤੇ Self declaration ਨੂੰ ਹੀ 'ਅੰਤਿਮ' ਮੰਨਿਆ ਜਾਵੇਗਾ।

5) Online application form ਅਤੇ ਅਸਲ ਦਸਤਾਵੇਜ ਦੇ ਵਿੱਚ ਅੰਤਰ ਆਉਣ ਤੇ ਬਿਨੈਕਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

6) Online application form ਸਬੰਧੀ enquiry ਲਈ 0172-3047137 ਫੋਨ ਨੰਬਰ ਤੇ ਦਫਤਰੀ ਕੰਮ ਕਾਜ ਦੇ ਸਮੇਂ ਵਿੱਚ ਸੰਪਰਕ ਕੀਤਾ ਜਾਵੇ।

7) ਉਮੀਦਵਾਰ ਇੱਕ ਅਸਾਮੀ ਲਈ ਇਕ ਹੀ ਬਿਨੈ ਪੱਤਰ ਭਰ ਸਕੇਗਾ।

ਸਕੱਤਰ